# ਭਰਾ ਅਤੇ ਭੈਣਾਂ

ਕੈਂਸਰ ਤੋਂ ਪੀੜਤ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਦੇ
ਮਾਪਿਆਂ ਲਈ ਇਕ ਗਾਈਡ



# ਭਰਾ ਅਤੇ ਭੈਣਾਂ

## ਕੈਂਸਰ ਤੋਂ ਪੀੜਤ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਦੇ ਭਰਾਵਾਂ ਅਤੇ ਭੈਣਾਂ ਨੂੰ ਸਮਰਥਨ ਪ੍ਰਦਾਨ ਕਰਨ ਵਿਚ ਤੁਹਾਡੀ ਸਹਾਇਤਾ ਲਈ

ਸਿਬਲਿੰਗਜ਼ ਪ੍ਰਾਜੈਕਟ ਗਰੁੱਪ (Siblings Project Group) ਦੀ ਤਰਫ਼ੋਂ
ਐਨੀ ਗ੍ਰਿਫ਼ਿਥਸ (Annie Griffiths) ਅਤੇ ਕੈਥਰੀਨ ਬੈਲਾਰਡ (Katherine Ballard) ਦੁਆਰਾ ਲਿਖਿਤ

ਯੂ.ਕੇ. ਚਿਲਡਰਨਜ਼ ਕੈਂਸਰ ਸਟੱਡੀ ਗਰੁੱਪ (UKCCSG) ਵਲੋਂ ਪ੍ਰਕਾਸ਼ਤ ਕੀਤੀ ਗਈ





# ਕੈਂਸਰ ਤੋਂ ਪੀੜਤ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਦੇ ਭਰਾ ਅਤੇ ਭੈਣਾਂ

ਇਹ ਲੀਫ਼ਲੈੱਟ ਤੁਹਾਡੇ ਕੈਂਸਰ ਤੋਂ ਪੀੜਤ ਬੱਚੇ ਦੇ ਭਰਾਵਾਂ ਅਤੇ ਭੈਣਾਂ ਨੂੰ ਸਮਰਥਨ ਪ੍ਰਦਾਨ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਹੈ।

ਇਹ ਤੁਹਾਡੇ ਲਈ ਇਕ ਬਹੁਤ ਹੀ ਕਠਿਨ ਸਮਾਂ ਹੋ ਸਕਦਾ ਹੈ, ਜਦੋਂ ਤੁਹਾਨੂੰ ਪਤਾ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ ਕੈਂਸਰ ਹੈ ਅਤੇ ਤੁਸੀਂ ਇਸ ਹਾਲਤ ਨਾਲ ਨਜਿੱਠਣ ਦਾ ਜਤਨ ਕਰਦੇ ਹੋ। ਇਨਾਂ ਕੁਝ ਕਰਨਾ ਅਤੇ ਸਹਿਣਾ ਪੈਂਦਾ ਹੈ, ਅਤੇ ਉਹ ਵੀ ਥੋੜ੍ਹੇ ਜਹੇ ਸਮੇਂ ਵਿਚ। ਜਦੋਂ ਤੁਸੀਂ ਠੀਕ ਮਹਿਸੂਸ ਕਰੋ, ਤਾਂ ਕਿਰਪਾ ਕਰਕੇ ਇਸ ਲੀਫ਼ਲੈੱਟ ’ਤੇ ਨਜ਼ਰ ਮਾਰੋ। ਹੋ ਸਕਦਾ ਹੈ ਕਿ ਤੁਸੀਂ ਇਹ ਲੀਫ਼ਲੈੱਟ, ਆਪਣੇ ਸਿਹਤਮੰਦ ਬੱਚਿਆਂ ਦੀ ਦੇਖਭਾਲ ਕਰਨ ਨਾਲ ਸੰਬੰਧਤ ਵਿਅਕਤੀ ਨੂੰ ਵੀ ਦਿਖਾਉਣਾ ਚਾਹੋ।

ਸਾਰੇ ਬੱਚਿਆਂ ’ਤੇ ਉਨ੍ਹਾਂ ਦੇ ਭਰਾ ਜਾਂ ਭੈਣ ਦੀ ਬੀਮਾਰੀ ਅਤੇ ਉਸਦੇ ਇਲਾਜ ਦਾ ਅਸਰ ਪਵੇਗਾ ਕੁਝ ਭਰਾ ਅਤੇ ਭੈਣਾਂ ਬੀਮਾਰੀ ਕਾਰਨ ਪਰਿਵਾਰ ਨੂੰ ਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰ ਸਕਦੇ ਹਨ ਅਤੇ ਜਾਪਦਾ ਹੈ ਕਿ ਉਹ ਤਜਰਬੇ ਨਾਲ ਸਿੱਖ ਵੀ ਜਾਂਦੇ ਹਨ। ਪਰ ਕਈ ਭਰਾਵਾਂ ਅਤੇ ਭੈਣਾਂ ਨੂੰ ਪਰਿਵਾਰਕ ਜੀਵਨ ਵਿਚ ਆਈਆਂ ਤਬਦੀਲੀਆਂ ਦਾ ਟਾਕਰਾ ਕਰਨ ਵਿਚ ਮੁਸ਼ਕਲ ਹੁੰਦੀ ਹੈ। ਹੋ ਸਕਦਾ ਹੈ ਕਿ ਉਹ ਮਹਿਸੂਸ ਕਰਨ ਕਿ ਉਨ੍ਹਾਂ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ, ਉਨ੍ਹਾਂ ਅੰਦਰ ਗੁੱਸਾ ਪੈਦਾ ਹੋ ਜਾਏ, ਉਨ੍ਹਾਂ ਨੂੰ ਬੀਮਾਰੀ ਅਤੇ ਆਪਣੀ ਸਿਹਤ ਬਾਰੇ ਚਿੰਤਾ ਲਗ ਜਾਵੇ ਅਤੇ ਸਕੂਲ ਜਾਣਾ ਔਖਾ ਲਗੇ।

ਇਨ੍ਹਾਂ ਵਿਚੋਂ ਕੁਝ ਮੁੱਦਿਆਂ ਬਾਰੇ ਤਿੰਨ ਕਿਤਾਬਚੇ, ਇਲਾਜ ਕਰਨ ਵਾਲੇ ਤੁਹਾਡੇ ਸੈਂਟਰ ਵਿਚ ਉਪਲਬਧ ਹਨ। ਹੋ ਸਕਦਾ ਹੈ ਕਿ ਤੁਹਾਡੇ ਬੱਚੇ ਦੇ ਬੀਮਾਰ ਹੋਣ ’ਤੇ, ਉਸਦੇ ਭਰਾਵਾਂ ਅਤੇ ਭੈਣਾਂ ਦੀ ਦੇਖਭਾਲ ਹੋਰ ਵਿਅਕਤੀਆਂ ਵਲੋਂ ਕੀਤੀ ਜਾਵੇ, ਇਸ ਲਈ ਕਿਰਪਾ ਕਰਕੇ ਇਹ ਕਿਤਾਬਚੇ ਉਨ੍ਹਾਂ ਨੂੰ ਵੀ ਦਿਖਾਉ।

ਅਜਿਹੇ ਕਈ ਸੰਗਠਨ ਹਨ, ਜਿਨ੍ਹਾਂ ਦਾ ਉਦੇਸ਼ ਭਰਾਵਾਂ ਅਤੇ ਭੈਣਾਂ ਨੂੰ ਆਪਣੀਆਂ ਭਾਵਨਾਵਾਂ ’ਤੇ ਕਾਬੂ ਪਾਉਣ ਵਿਚ ਸਹਾਇਤਾ ਦੇਣਾ ਹੈ, ਅਤੇ ਅਸੀਂ ਕੁਝ ਲਾਹੇਵੰਦ ਸੰਪਰਕ ਇਸ ਲੀਫ਼ਲੈੱਟ ਦੇ ਅੰਤ ਵਿਚ ਦਿੱਤੇ ਹਨ।

# UKCCSG ਇਲਾਜ ਸੈਂਟਰਾਂ ਵਿਚ ਉਪਲਬਧ ਕਿਤਾਬਚੇ

## ਭਰਾਵਾਂ ਅਤੇ ਭੈਣਾਂ ਦੀ ਕਿਵੇਂ ਸਹਾਇਤਾ ਕੀਤੀ ਜਾਵੇ




ਇਸ ਕਿਤਾਬਚੇ ਵਿਚ ਭਰਾਵਾਂ ਅਤੇ ਭੈਣਾਂ ਨੂੰ ਪੇਸ਼ ਆ ਸਕਣ ਵਾਲੀਆਂ ਸਮੱਸਿਆਵਾਂ ਬਿਆਨ ਕੀਤੀਆਂ ਗਈਆਂ ਹਨ, ਅਤੇ ਇਨ੍ਹਾਂ ਨਾਲ ਨਜਿੱਠਣ ਵਾਸਤੇ ਸੁਝਾਅ ਦਿੱਤੇ ਗਏ ਹਨ। ਇਹ ਕਿਤਾਬਚਾ ਕਿਸੇ ਵੀ ਅਜਿਹੇ ਵਿਅਕਤੀ ਲਈ ਹੈ, ਜੋ ਭਰਾਵਾਂ ਅਤੇ ਭੈਣਾਂ ਦੀ ਦੇਖਭਾਲ ਕਰਦਾ ਹੈ : ਮਾਤਾ-ਪਿਤਾ, ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਚਾਚੀ, ਤਾਇਆ-ਤਾਈ ਆਦਿਕ, ਮਿੱਤਰ, ਗੁਆਂਢੀ, ਨਰਸਰੀ ਦੀਆਂ ਨਰਸਾਂ, ਅਧਿਆਪਕ ਅਤੇ ਕੋਈ ਵੀ ਹੋਰ ਸੰਬੰਧਤ ਵਿਅਕਤੀ।

## ਮੇਰੇ ਭਰਾ ਨੂੰ ਕੈਂਸਰ ਹੈ




ਇਹ ਇਕ ਭਰਾ ਅਤੇ ਭੈਣ ਦੀ ਕਹਾਣੀ ਹੈ ਕਿ ਉਹ ਕਿਵੇਂ ਬੀਮਾਰੀ ਦਾ ਸਾਮ੍ਹਣਾ ਕਰਦੇ ਹਨ ਅਤੇ ਬੀਮਾਰੀ ਨਾਲ ਕੀ ਤਬਦੀਲੀਆਂ ਆਉਂਦੀਆਂ ਹਨ। ਇਸ ਵਿਚ ਕੁਝ ਹਿੱਸੇ ਅਜਿਹੇ ਹਨ, ਜਿੱਥੇ ਬੱਚੇ, ਉਨ੍ਹਾਂ ਦੇ ਪਰਿਵਾਰ ਵਿਚ ਜੋ ਵਾਪਰਿਆ, ਉਸ ਨੂੰ ਦਰਜ ਕਰ ਸਕਦੇ ਹਨ।

## ਜਦੋਂ ਤੁਹਾਡੇ ਭਰਾ ਜਾਂ ਭੈਣ ਨੂੰ ਕੈਂਸਰ ਹੁੰਦਾ ਹੈ




ਇਸ ਕਿਤਾਬਚੇ ਵਿਚ, 9 ਤੋਂ 16 ਸਾਲ ਤਕ ਦੀ ਉਮਰ ਦੇ ਭਰਾਵਾਂ ਅਤੇ ਭੈਣਾਂ ਲਈ ਇਸ ਬੀਮਾਰੀ ਅਤੇ ਇਸਦੇ ਇਲਾਜ ਬਾਰੇ ਤੱਥ ਦੱਸੇ ਗਏ ਹਨ। ਇਸ ਵਿਚ ਤਸਵੀਰਾਂ ਅਤੇ ਭਰਾਵਾਂ ਅਤੇ ਭੈਣਾਂ ਦੇ, ਆਪਣੇ ਤਜਰਬਿਆਂ ਸੰਬੰਧੀ ਕਥਨ ਦਰਜ ਹਨ।

# ਹੋਰ ਪੁਸਤਕਾਂ

ਇਹ ਪੁਸਤਕਾਂ, ਕਿਤਾਬਾਂ ਦੀਆਂ ਦੁਕਾਨਾਂ ਨੂੰ ਆਰਡਰ ਦੇ ਕੇ ਮੰਗਵਾਈਆਂ ਜਾ ਸਕਦੀਆਂ ਹਨ। ਕਦੀ ਕਦੀ ਇਹ ਇਲਾਜ ਸੈਂਟਰਾਂ ਵਿਚ ਵੀ ਉਪਲਬਧ ਹੋ ਸਕਦੀਆਂ ਹਨ ਅਤੇ ਪੜ੍ਹਨ ਵਾਸਤੇ ਉਧਾਰ ਲਈਆਂ ਜਾ ਸਕਦੀਆਂ ਹਨ।




## ਮੇਰਾ ਕੀ ਹੋਵੇਗਾ ? (What about Me?)

ਐਲਨ ਪੀਟਰਕਿਨ (Allan Peterkin)
ਜਦੋਂ ਭਰਾ ਅਤੇ ਭੈਣਾਂ ਬੀਮਾਰ ਹੁੰਦੇ ਹਨ (When Brothers and Sisters Get Sick) ISBN 0-945354-49-5
*ਇਸ ਕਿਤਾਬ ਦੀ ਕਹਾਣੀ ਵਿੱਚ ਇਕ ਲੜਕੀ ਦੀਆਂ, ਉਸਦੇ ਭਰਾ ਦੀ ਬੀਮਾਰੀ ਅਤੇ ਹਸਪਤਾਲ ਵਿਚ ਰਹਿਣ ਦੌਰਾਨ ਭਾਵਨਾਵਾਂ ਦੱਸੀਆਂ ਗਈਆਂ ਹਨ।*




## ਭੇਦ C (The Secret C)

ਜੂਲੀ ਏ. ਸਟੋਕਸ (Julie A. Stokes)
ਕੈਂਸਰ ਬਾਰੇ ਖਰੀਆਂ ਗੱਲਾਂ (Straight Talking About Cancer) ISBN 0-9539123-0-2
*ਕੈਂਸਰ ਸੰਬੰਧੀ ਹਕੀਕਤਾਂ ਅਤੇ ਮਜ਼ਮੂਨ, ਜਿਸ ਨਾਲ ਬੱਚਿਆਂ ਅਤੇ ਬਾਲ਼ਗਾਂ ਨੂੰ ਆਪਣੀਆਂ ਚਿੰਤਾਵਾਂ ਬਾਰੇ ਖੁਲ੍ਹੀ ਡੁਲ੍ਹੀ ਤਰ੍ਹਾਂ ਵਿਚਾਰ ਕਰਨ ਵਿੱਚ ਸਹਾਇਤਾ ਮਿਲਦੀ ਹੈ।*




## ਮਾਈ ਬੁੱਕ ਅਬਾਉਟ (My Book About)

ਸੇਂਟ ਕ੍ਰਿਸਟੋਫ਼ਰਜ਼ ਹੌਸਪਿਸ (St. Christophers Hospice) ISBN 0-9528196-1-9
*ਇਕ ਸੰਖੇਪ ਐਕਟਿਵਿਟੀ ਪੁਸਤਕ, ਜਿਸ ਨਾਲ ਬੱਚਿਆਂ ਨੂੰ ਕਿਸੇ ਵਿਅਕਤੀ ਦੀ ਬੀਮਾਰੀ ਸੰਬੰਧੀ ਗੱਲਾਂ ਲਿਖਣ ਵਿਚ ਸਹਾਇਤਾ ਮਿਲਦੀ ਹੈ।*




## ਜਦੋਂ ਕਿਸੇ ਨੂੰ ਇਕ ਬਹੁਤ ਹੀ ਗੰਭੀਰ ਬੀਮਾਰੀ ਹੋ ਜਾਂਦੀ ਹੈ (When Someone Has a Very Serious Illness)

ਮਾਰਜ ਹੀਗਾਰਡ (Marge Heegarde)
ISBN 0-9620502-4-5
*ਇਕ ਐਕਟਿਵਿਟੀ ਪੁਸਤਕ, ਜਿਸ ਨਾਲ ਬੱਚਿਆਂ ਨੂੰ ਇਸ ਬੀਮਾਰੀ ਬਾਰੇ ਆਪਣੀ ਸਮਝ ਬਿਆਨ ਕਰਨ ਵਿਚ ਮਦਦ ਮਿਲਦੀ ਹੈ, ਅਤੇ ਬਾਲ਼ਗਾਂ ਨੂੰ ਇਸ ਗੱਲ ਵਿਚ ਸਹਾਇਤਾ ਮਿਲਦੀ ਹੈ ਕਿ ਉਹ ਹਕੀਕਤਾਂ ਸਮਝਾ ਸਕਣ ਅਤੇ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਸਿੱਖਿਆ ਦੇ ਸਕਣ।*

# ਉਹ ਲੋਕ ਜੋ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਨ

ਮਾਤਾ-ਪਿਤਾ ਵਜੋਂ ਤੁਸੀਂ ਪਹਿਲਾਂ ਹੀ ਬਹੁਤ ਦਬਾਅ ਹੇਠ ਹੋ ਸਕਦੇ ਹੋ। ਇਹ ਬਿਆਨ ਕਰਨ ਲਈ ਕਿ ਭਰਾਵਾਂ ਅਤੇ ਭੈਣਾਂ ਨੂੰ ਕੀ ਹੋ ਰਿਹਾ ਹੈ, ਸਮਾਂ ਕਢਣਾ ਅਤੇ ਭਾਵਾਤਮਕ ਸ਼ਕਤੀ ਜੁਟਾਣਾ ਬਹੁਤਾ ਔਖਾ ਹੋ ਸਕਦਾ ਹੈ।

ਕੁਝ ਭਰਾ ਅਤੇ ਭੈਣਾਂ ਆਪਣੇ ਮਾਤਾ-ਪਿਤਾ ਦੀਆਂ ਚਿੰਤਾਵਾਂ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਆਪ ਹੋਰ ਸਵਾਲ ਪੁਛਕੇ ਉਨ੍ਹਾਂ ਦੀ ਚਿੰਤਾ ਵਿਚ ਵਾਧਾ ਕਰਨਾ ਨਹੀਂ ਚਾਹੁੰਦੇ। ਜੇ ਨਜ਼ਦੀਕੀ ਪਰਿਵਾਰ ਤੋਂ ਬਾਹਰ ਦੇ ਲੋਕ, ਭਰਾਵਾਂ ਜਾਂ ਭੈਣਾਂ ਨਾਲ ਗੱਲ ਕਰਨ, ਤਾਂ ਇਸ ਨਾਲ ਰਾਹਤ ਮਿਲ ਸਕਦੀ ਹੈ। ਅਜਿਹੇ ਦੋਸਤ ਅਤੇ ਰਿਸ਼ਤੇਦਾਰ, ਜਿਨ੍ਹਾਂ ਨੂੰ ਬੱਚਾ ਜਾਣਦਾ ਹੋਵੇ ਅਤੇ ਜਿਨ੍ਹਾਂ 'ਤੇ ਭਰੋਸਾ ਕਰਦਾ ਹੋਵੇ, ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਨ।

ਹੇਠਾਂ ਉਨ੍ਹਾਂ ਵਿਅਕਤੀਆਂ ਦੀ ਲਿਸਟ ਦਿੱਤੀ ਗਈ ਹੈ, ਜੋ ਸਹਾਇਤਾ ਲਈ ਉਪਲਬਧ ਹੋ ਸਕਦੇ ਹਨ। ਸਟਾਫ਼ ਦੇ ਇਨ੍ਹਾਂ ਵਿਅਕਤੀਆਂ ਵਿਚ ਕੁਝ ਨੂੰ ਇਸ ਬੀਮਾਰੀ ਬਾਰੇ ਵਿਸ਼ੇਸ਼ਗ ਗਿਆਨ ਹੋਵੇਗਾ, ਅਤੇ ਹੋਰਨਾਂ ਨੂੰ, ਬੱਚਿਆਂ ਦੀਆਂ ਹੋਰ ਕਠਿਨ ਹਾਲਤਾਂ ਦਾ ਟਾਕਰਾ ਕਰਨ ਵਿਚ ਸਹਾਇਤਾ ਦੇਣ ਦਾ ਤਜਰਬਾ ਹੋਵੇਗਾ।

- ਮੈਕਮਿਲਨ (Macmillan)/CLIC ਨਰਸ ਜਾਂ ਹੋਰ ਹਸਪਤਾਲ ਜਾਂ ਕਮਿਊਨਿਟੀ ਨਰਸ
- ਸਾਰਜੰਟ ਸੋਸ਼ਲ ਵਰਕਰ
- ਖੇਡ ਵਿਸੇਸ਼ਗ
- ਹੈਲਥ ਵਿਜ਼ਿਟਰ
- ਅਧਿਆਪਕ
- ਮਨੋਵਿਗਿਆਨੀ

ਆਪਣੇ ਇਲਾਜ ਸੈਂਟਰ ਤੋਂ, ਸਮਰਥਨ ਵਾਲੇ ਹੋਰ ਸਥਾਨਕ ਵਸੀਲਿਆਂ ਦਾ ਪਤਾ ਕਰੋ।





## ਮਦਦਗਾਰ ਸੰਗਠਨ

### ਸਿਬਲਿੰਕਸ (Siblinks)

*ਇਕ ਸੰਗਠਨ, ਜੋ 13-25 ਸਾਲ ਦੀ ਉਮਰ ਦੇ ਅਜਿਹੇ ਭਰਾਵਾਂ ਅਤੇ ਭੈਣਾਂ ਨੂੰ ਸੂਚਨਾ ਅਤੇ ਸਮਰਥਨ ਪ੍ਰਦਾਨ ਕਰਦਾ ਹੈ, ਜਿਨ੍ਹਾਂ ਦਾ ਕੋਈ ਭਰਾ ਜਾਂ ਭੈਣ ਜਾਂ ਹੋਰ ਰਿਸ਼ਤੇਦਾਰ ਕੈਂਸਰ ਤੋਂ ਪੀੜਤ ਹੈ।*

ਵੈੱਬਸਾਈਟ : *www.siblinks.org*
ਈ-ਮੇਲ : *info@siblinks.org*
ਫ਼ੋਨ : *01737 555411/07713 082797*

### ਟੀਨਏਜ ਕੈਂਸਰ ਟ੍ਰਸਟ (Teenage Cancer Trust)

*ਕੈਂਸਰ ਤੋਂ ਪੀੜਤ ਕਿਸ਼ੋਰ ਉਮਰ ਦੇ ਲੜਕੇ ਲੜਕੀਆਂ ਦੇ ਸਾਰੇ ਮੁੱਦਿਆਂ ਨਾਲ ਨਜਿੱਠਦਾ ਹੈ।*

ਵੈੱਬਸਾਈਟ : *www.teencancer.org*
ਈ-ਮੇਲ : *tct@teencancer.bdx.co.uk*
ਫ਼ੋਨ : *020 7387 1000*

### CLIC Sargent

*ਇਕ ਸੰਗਠਨ ਜੋ ਪਰਿਵਾਰ ਦੇ ਸਾਰੇ ਮੈਂਬਰਾਂ ਲਈ ਸੂਚਨਾ ਅਤੇ ਸਮਰਥਨ ਪ੍ਰਦਾਨ ਕਰਦਾ ਹੈ।*

ਵੈੱਬਸਾਈਟ : *www.clicsargent.org.uk*
ਈ-ਮੇਲ : *info@clicsargent.org.uk*
ਫ਼ੋਨ : *0800 197 0068*

## ਇਹ ਸੰਗਠਨ ਸੂਚਨਾ ਦੇ ਲਾਹੇਵੰਦੇ ਸ੍ਰੋਤ ਵੀ ਹੋ ਸਕਦੇ ਹਨ।

### ਕੈਂਸਰਬੈਕਅਪ (CancerBacup)
ਵੈੱਬਸਾਈਟ : *www.cancerbacup.org.uk*
ਫ਼ੋਨ : *0808 800 1234*

### ਕੈਂਸਰ ਰਿਸਰਚ ਯੂ.ਕੇ. (Cancer Research UK)
ਵੈੱਬਸਾਈਟ : *www.cancerresearchuk.org*
ਫ਼ੋਨ : *020 7009 8820*

### ਕ੍ਰਿਸਚੀਅਨ ਲਿਉਇਸ ਚਿਲਡਰਨਜ਼ ਕੈਂਸਰ ਕੇਅਰ (Christian Lewis Childrens Cancer Care)
ਵੈੱਬਸਾਈਟ : *www.childrens-cancer-care.org.uk*
ਈ-ਮੇਲ : *enquiries@childrens-cancer-care.org.uk*
ਫ਼ੋਨ : *01792 480500*

### ਲਿਊਕੀਮੀਆ ਰਿਸਰਚ ਫ਼ੰਡ (Leukaemia Research Fund)
ਵੈੱਬਸਾਈਟ : *www.leukaemia-research.org.uk*
ਈ-ਮੇਲ : *info@lrf.org.uk* ਫ਼ੋਨ : *020 7405 0101*

### ਮੈਕਮਿਲਨ ਕੈਂਸਰ ਰਿਲੀਫ਼ (Macmillan Cancer Relief)
ਵੈੱਬਸਾਈਟ : *www.macmillan.org.uk*
ਈ-ਮੇਲ : *cancerline@macmillan.org.uk*
ਫ਼ੋਨ : *0808 808 2020*

### ਨੈਸ਼ਨਲ ਐਲਾਇੰਸ ਆੱਫ਼ ਚਾਈਲਡਹੁਡ ਕੈਂਸਰ ਪੇਅਰੈਂਟ ਆਰਗਨਾਈਜ਼ੇਸਨ [National Alliance of Childhood Cancer Parent (NACCPO)]
ਵੈੱਬਸਾਈਟ : *www.naccpo.org*
ਫ਼ੋਨ : *0113 247 0372*

### ਯੂ.ਕੇ. ਚਿਲਡਰਨਜ਼ ਕੈਂਸਰ ਸਟੱਡੀ ਗਰੁੱਪ [UK Childrens Cancer Study Group (UKCCSG)]
ਵੈੱਬਸਾਈਟ : *www.ukccsg.org*
ਈ-ਮੇਲ : *ukccsg@le.ac.uk*
ਫ਼ੋਨ : *0116 249 4460*

**UK Childrens Cancer Study Group**
**(ਯੂ.ਕੇ. ਚਿਲਡਰਨਜ਼ ਕੈਂਸਰ ਸਟੱਡੀ ਗਰੁੱਪ)**
**Third Floor, Hearts of Oak House**
**9 Princess Road West**
**Leicester LE1 6TH**
**ਫ਼ੋਨ : 0116 249 4460**
**ਫ਼ੈਕਸ : 0116 254 9504**
***www.ukccsg.org***
**ਈ-ਮੇਲ : ukccsg@le.ac.uk**



UKCCSG ਵਲੋਂ ਨਿਕ ਪਾਲਮਰ (Nick Palmer) (1982 – 1995)
ਦੀ ਯਾਦ ਵਿਚ ਪ੍ਰਕਾਸ਼ਤ ਕੀਤਾ ਗਿਆ।
ਇਸ ਲੀਫ਼ਲੈੱਟ ਦਾ ਪ੍ਰਕਾਸ਼ਨ ਨਿਕ ਦੇ ਪਰਿਵਾਰ ਵਲੋਂ
ਦਿੱਤੇ ਗਏ ਚੰਦੇ ਨਾਲ ਸੰਭਵ ਹੋ ਸਕਿਆ।)


